No. of Questions : 9] [Total No. of Printed Pages : 3

**SS**

**2117**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

Time allowed : Three hours Maximum marks : 65

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(vi) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

ਵਸਤੂਨਿਸ਼ਠ ਪ੍ਰਸ਼ਨ :

1. ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) ਸ੍ਰੀ ਪਿਆਰਾ ਸਿੰਘ ਖੁੰਡਾ ਦੀ ਕਿਹੜੀ ਰਚਨਾ 'ਲਾਜ਼ਮੀ ਪੰਜਾਬੀ' ਪਾਠ-ਪੁਸਤਕ ਵਿੱਚ ਸ਼ਾਮਲ ਕੀਤੀ ਗਈ ਹੈ ?

(ਅ) 'ਪੰਜਾਬ ਦੇ ਮੇਲੇ ਤੇ ਤਿਉਹਾਰ' ਪਾਠ ਦਾ ਲੇਖਕ ਕੌਣ ਹੈ ?

(ੲ) ਹੇਠ ਲਿਖੇ ਕਥਨ ਠੀਕ ਹੈ ਜਾਂ ਗ਼ਲਤ :

'ਪੰਜਾਬ ਵਿੱਚ ਤਿਉਹਾਰਾਂ ਦਾ ਲੰਮਾ ਕਾਫ਼ਲਾ ਤੁਰਿਆ ਰਹਿੰਦਾ ਹੈ ।'

(ਸ) ਔਜ਼ਾਰਾਂ ਦਾ ਵਿਕਾਸ ਕਿਸ ਚੀਜ਼ ਦੀ ਲੱਭਤ ਨਾਲ ਹੋਇਆ ?

(ੳ) ਅੱਗ (ਅ) ਪਾਣੀ (ੲ) ਧਾਤਾਂ (ਸ) ਪੱਥਰ ।

(ਹ) ਗੁੱਗੇ ਦੀ ਪੂਜਾ ਅਸਲ ਵਿੱਚ _____ _____ ਦਾ ਸੁਧਰਿਆ ਰੂਪ ਹੈ ।

(ਕ) ਇਸਤਰੀਆਂ ਦੇ ਕੋਈ ਦੋ ਲੋਕ-ਨਾਚਾਂ ਦੇ ਨਾਂ ਲਿਖੋ ।

(ਖ) ਨਿਰੰਜਣ ਸਿੰਘ ਦੇ ਮੁੰਡਿਆਂ ਦੇ ਨਾਂ ਹਰਿੰਦਰ ਅਤੇ ਸੁਰਿੰਦਰ ਸੀ । (ਸਹੀ/ਗ਼ਲਤ)

(ਗ) 'ਤਾਜਮਹਲ' ਕਵਿਤਾ ਦੇ ਕਵੀ ਕੌਣ ਹਨ ?

(ਘ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

_____ ਸਾਰਾ ਟੱਬਰ ਤਿਹਾਇਆ ।

(ਙ) ਹੇਠ ਲਿਖੀ ਅਖਾਉਤ ਵਿੱਚ ਸਹੀ ਸ਼ਬਦ ਭਰ ਕੇ ਅਖਾਉਤ ਪੂਰੀ ਕਰੋ :

ਆਪਣਾ ਮਾਰੇਗਾ ਤਾਂ _______ । 10×1=10

2. ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ ।

(ਅ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ ।

(ੲ) ਰਸਮਾਂ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ ?

(ਸ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ?

(ਹ) ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ-ਕਲਾ ਦਾ ਸਿਖਰ ਕਿਉਂ ਮੰਨਿਆਂ ਜਾਂਦਾ ਹੈ ?

(ਕ) ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਨਣ ਕਰੋ ।

(ਖ) ਪੰਜਾਬੀ ਸੱਭਿਆਚਾਰ ਵਿੱਚ ਨਕਲਾਂ ਦਾ ਕੀ ਮਹੱਤਵ ਹੈ ?

(ਗ) ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ ।

5×4=20

3. ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲ਼ੇ ਕਿਸੇ ਕਿਸਾਨ-ਮੇਲੇ ਵਿੱਚ ਆਪਣੀ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ ।

ਜਾਂ

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ । ਭਾਰਤ ਜੀਵਨ ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ । 2+3+1=6

4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ :

ਆਮ ਜ਼ਿੰਦਗੀ ਵਿੱਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ, ਇਹ ਚੰਗੀ ਪਰਵਰਿਸ਼ ਦਾ ਨਤੀਜਾ ਹੈ । ਪਰ ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ, ਉਹਨਾਂ ਦਾ ਬਚਪਨ ਜ਼ਰੂਰ ਕੁਝ ਤਰੁੱਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ । ਸਿਆਣਿਆਂ ਦਾ ਕਥਨ ਹੈ, "ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ ਉਸ ਦੀ ਨੀਅਤ ਸਾਰੀ ਉਮਰ ਹੀ ਨਹੀਂ ਰੱਜਦੀ ।" ਇਸੇ ਤਰ੍ਹਾਂ ਜੋ ਬਚਪਨ ਪਿਆਰ-ਵਿਹੂਣਾ ਹੁੰਦਾ ਹੈ ਉਹ ਸਾਰੀ ਉਮਰ ਸਮਾਜ ਨੂੰ ਗੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁਝ ਨਹੀਂ ਦੇ ਸਕਦਾ । ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ । ਸਮਾਜ ਨੇ ਪਰਿਵਾਰ ਦੀ, ਘਰ ਦੀ, ਜੋ ਸਕੂਲ ਦਾ ਦੂਸਰਾ ਨਾਂ ਹੈ । ਥੋੜ੍ਹੀ ਜਿਹੀ ਲਾਪਰਵਾਹੀ ਬੱਚੇ 'ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦਿੰਦੀ ਹੈ । ਦੁਨੀਆਂ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ) ਕਿਸਮ ਦੇ ਆਦਮੀ ਹੋਏ ਹਨ, ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ 'ਤੇ ਸਾਮ੍ਹਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ, ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ । 3+1=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | (ii) |
|---|---|
| ਬਸੰਤ | ਗੁੜ੍ਹਤੀ |
| ਮਚਕੋੜ | ਕੰਙਣਾ |
| ਭਗਵਾਨ | ਜੰਗਲ਼ |
| ਬਖ਼ਸ਼ਿੰਦ | ਕਿਰਿਆ |
| ਭਿੰਟਣਾ | ਦਸਤਕਾਰ |
| ਚਿਰਾਗ਼ | ਨਕੇਲ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ 'ਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ । (ਸੰਜੁਗਤ-ਵਾਕ)

(ਅ) ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ । (ਨਾਂਹ-ਵਾਚਕ-ਵਾਕ)

(ੲ) ਕਿਸੇ ਨਾਲ਼ ਕੌੜਾ ਨਾ ਬੋਲੋ । (ਹਾਂ-ਵਾਚਕ-ਵਾਕ)

(ਸ) ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ । (ਪ੍ਰਸ਼ਨ-ਵਾਚਕ-ਵਾਕ)

(ਹ) ਬਲਜੀਤ ਨੇ ਚਾਹ ਪੀਤੀ । (ਕਰਮਣੀ-ਵਾਚ) 3

7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਅੱਗੇ ਸੱਪ ਤੇ ਪਿੱਛੇ ਸ਼ੀਂਹ

(ਅ) ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ

(ੲ) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ

(ਸ) ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ

(ਹ) ਡਾਢੇ ਨਾਲ਼ ਭਿਆਲ਼ੀ ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ

(ਕ) ਪਾਟਾ ਸੀਵੀਏ ਨਾ ਰੁੱਸਾ ਮਨਾਈਏ ਨਾ, ਤਾਂ ਘਰ ਨਹੀਂ ਵੱਸਦੇ

(ਖ) ਇੱਕ ਦਰ ਬੰਦ ਸੌ ਦਰ ਖੁੱਲ੍ਹਾ । $4\times2=8$

8. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਤਾਜਮਹਲ (ਪ੍ਰੋ: ਮੋਹਨ ਸਿੰਘ)

(ਅ) ਮੇਰਾ ਬਚਪਨ (ਹਰਭਜਨ ਸਿੰਘ)

(ੲ) ਐਵੇਂ ਨਾ ਬੁਤਾਂ 'ਤੇ ਡੋਲ੍ਹੀ ਜਾਂ ਪਾਣੀ (ਸੁਰਜੀਤ ਪਾਤਰ) । 4

9. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਨੀਲੀ (ਕਰਤਾਰ ਸਿੰਘ ਦੁੱਗਲ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) । 7